# ਜਗਤ ਗੁਰੂ ਨਾਨਕ ਦੇਵ
# ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ
(Established by Act No.19 of 2019 of Legislature of the State of Punjab)


Ref.No/ PSOU/ COE/.126 Dated: 22/08/2022

ਸਮੂਹ ਪ੍ਰੀਖਿਆ ਕੇਂਦਰ,
ਸਰਕਾਰੀ ਅਤੇ ਏਡਿਡ ਕਾਲਜ,
ਪੰਜਾਬ।

**ਵਿਸ਼ਾ:- ਅਗਸਤ 2022 ਪ੍ਰੀਖਿਆਵਾਂ ਸਬੰਧੀ।**

1) ਅਗਸਤ 2022 ਪ੍ਰੀਖਿਆਵਾਂ ਲਈ ਜਿਹੜੀ ਐਡਵਾਸ ਪੇਮੈਂਟ ਭੇਜੀ ਗਈ ਹੈ, ਉਸ ਦੀ ਵਰਤੋਂ ਪ੍ਰੀਖਿਆ ਸਬੰਧੀ ਸਟੇਸ਼ਨਰੀ ਅਤੇ ਫੁੱਟਕਲ ਖਰਚਿਆਂ ਸਬੰਧੀ, ਚੀਫ ਕੋਆਰਡੀਨੇਟਰ/ਪ੍ਰਿੰਸੀਪਲ ਅਤੇ ਕੋਆਰਡੀਨੇਟਰ ਪ੍ਰਿੰਟਿੰਗ ਸੈਲ ਦੇ ਮਾਣਭੱਤੇ ਜਾਂ ਕੋਈ ਐਮਰਜੈਂਸੀ ਖਰਚੇ ਵਜੋ ਕੀਤੀ ਜਾ ਸਕਦੀ ਹੈ, ਜੋ ਕਿ ਪ੍ਰੀਖਿਆ ਕੇਂਦਰ ਵਲੋਂ ਅਗਸਤ 2022 ਦੀਆਂ ਪ੍ਰੀਖਿਆਵਾਂ ਲਈ ਕੀਤਾ ਗਿਆ ਹੈ। ਸਬੰਧਤ ਖਰਚਿਆਂ ਨੂੰ ਯੂਨੀਵਰਸਿਟੀ ਨਿਯਮ ਅਨੁਸਾਰ (Letter Ref.No/PSOU/CoE/82 ਮਿਤੀ 19.07.2022) ਹੀ ਪ੍ਰੀਖਿਆ ਕੇਂਦਰ ਵਲੋਂ ਵਰਤਿਆ ਜਾਵੇ। ਯੂਨੀਵਰਸਿਟੀ ਨਿਯਮਾਂ ਅਨੁਸਾਰ ਖਰਚੇ ਨਾ ਕੀਤੇ ਜਾਣ ਤੇ ਸਬੰਧਤ ਕਾਲਜ ਦੀ ਕੁੱਲ ਪੇਮੈਂਟ ਵਿੱਚੋ ਇਸ ਰਕਮ ਦੀ ਰਿਕਵਰੀ ਯੂਨੀਵਰਸਿਟੀ ਵਲੋਂ ਕਰ ਲਈ ਜਾਵੇਗੀ।
2) ਸਬੰਧਤ ਕਾਲਜਾਂ ਦੀ ਜਾਣਕਾਰੀ ਲਈ ਇਹ ਦੱਸਿਆ ਜਾਂਦਾ ਹੈ ਕਿ ਯੂਨੀਵਰਸਿਟੀ ਨਾਲ ਸਬੰਧਤ ਵਿਦਿਆਰਥੀ (ਜਿਨ੍ਹਾਂ ਦੀਆਂ ਉੱਤਰ-ਕਾਪੀਆਂ U ਮਾਰਕ ਕੀਤੇ ਬੈਗ ਵਿੱਚ ਪੈਕ ਕੀਤੀਆਂ ਜਾਣ), ਜੇਲ੍ਹ ਸੈਂਟਰਾਂ (ਸਿੱਖਿਆ ਦਾਤ ਸਕੀਮ) ਦੇ ਵਿਦਿਆਰਥੀ, Differently Abled (Deaf & Dumb) ਦੇ ਵਿਦਿਆਰਥੀ, Reappear ਦੇ ਵਿਦਿਆਰਥੀਆਂ ਦੀਆਂ ਉੱਤਰ-ਕਾਪੀਆਂ ਅਲੱਗ ਤੋਂ ਸਬੰਧਤ ਪ੍ਰੀਖਿਆ ਕੇਂਦਰ ਵਲੋਂ ਪੈਕ ਕੀਤੀਆਂ ਜਾਣ ਤਾਂ ਜੋ ਇਨ੍ਹਾਂ ਉੱਤਰ-ਕਾਪੀਆਂ ਦਾ ਮੁਲਾਂਕਣ ਸੁਚਾਰੂ ਢੰਗ ਨਾਲ ਕਰਵਾਇਆ ਜਾ ਸਕੇ।
3) ਥਿਓਰੀ (32 ਪੰਨੇ) ਅਤੇ ਪ੍ਰੈਕਟੀਕਲ (10 ਪੰਨੇ) ਦੀਆਂ ਉੱਤਰ-ਕਾਪੀਆਂ ਦੇ ਮੁਲਾਂਕਣ ਸਬੰਧੀ ਹਦਾਇਤਾਂ ਯੂਨੀਵਰਸਿਟੀ ਵਲੋਂ ਕੁੱਝ ਦਿਨਾਂ ਵਿੱਚ ਸੂਚਿਤ ਕੀਤੀਆਂ ਜਾਣਗੀਆਂ।
4) ਪ੍ਰੀਖਿਆ ਕੇਂਦਰਾਂ ਵਿੱਚ ਇਮਤਿਹਾਨ ਦੇਣ ਆਏ ਵਿਦਿਆਰਥੀਆਂ ਨੂੰ ਲੇਟ ਹੋਣ ਦੀ ਸੂਰਤ (ਇਮਤਿਹਾਨ ਦੇ ਸ਼ੁਰੂ ਹੋਣ ਦੇ ਸਮੇਂ ਸਬੰਧੀ) ਵਿੱਚ ਅੱਧੇ ਘੰਟੇ ਤੱਕ (ਸਵੇਰੇ ਸੈਸ਼ਨ ਲਈ 10:00 ਵਜੇ ਤੱਕ ਅਤੇ ਸ਼ਾਮ ਦੇ ਸੈਸ਼ਨ ਲਈ 2:00 ਵਜੇ ਤੱਕ) ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਦੀ ਆਗਿਆ ਹੋਵੇਗੀ। ਨਿਯਤ ਸਮੇਂ ਤੋਂ ਬਾਅਦ ਪਹੁੰਚਣ ਤੇ ਵਿਦਿਆਰਥੀ ਨੂੰ ਪ੍ਰੀਖਿਆ ਕੇਂਦਰ ਵਲੋਂ ਦਾਖਲ ਨਾ ਕਰਵਾਇਆ ਜਾਵੇ।

22/8/2022
ਕੰਟਰੋਲਰ ਪ੍ਰੀਖਿਆਵਾਂ
Controller of Examinations
Jagat Guru Nanak Dev
Punjab State Open University
Patiala

**ਕਾਪੀ (ਕਾਰਵਾਈ ਹਿੱਤ):-**

1. ਪ੍ਰੋਗਰਾਮਰ (ਜ.) - ਈ.ਮੇਲ ਅਤੇ Whatsapp ਕਰਨ ਸਬੰਧੀ।


28-C, Lower Mall, Patiala-147001
Website: www.psou.ac.in

**Exam Branch (Helpline):** 0175-5082367 (Landline), 95307-41524 (Mobile), **Email:** coepsou@psou.ac.in


Scanned with CamScanner